ਮਿੱਠੇ ਬੱਚੇ:- "ਮਿੱਠੇ ਬੱਚੇ :- ਭਵਿੱਖ ਉੱਚ ਘਰਾਣੇ ਵਿੱਚ ਆਉਣ ਦਾ ਅਧਾਰ ਹੈ ਪੜ੍ਹਾਈ, ਇਸ ਪੜ੍ਹਾਈ ਤੋਂ ਹੀ ਤੁਸੀਂ ਬੈਗਰ ਟੂ ਪ੍ਰਿੰਸ ਬਣ ਸਕਦੇ ਹੋ"

ਪ੍ਰਸ਼ਨ:- ਗੋਲਡਨ ਸਪੂਨ ਇਨ ਮਾਊਥ ਦੋ ਪ੍ਰਕਾਰ ਤੋਂ ਪ੍ਰਾਪਤ ਹੋ ਸਕਦਾ ਹੈ, ਕਿਵੇਂ?

ਉੱਤਰ:- ਇੱਕ ਭਗਤੀ ਵਿੱਚ ਦਾਨ ਪੁੰਨ ਕਰਨ ਨਾਲ, ਦੂਜਾ, ਗਿਆਨ ਵਿੱਚ ਪੜ੍ਹਾਈ ਨਾਲ। ਭਗਤੀ ਵਿੱਚ ਦਾਨ - ਪੁੰਨ ਕਰਦੇ ਹਨ ਤਾਂ ਰਾਜਾ ਜਾਂ ਸਾਹੂਕਾਰ ਦੇ ਕੋਲ ਜਨਮ ਲੈਂਦੇ ਹਨ ਪਰ ਉਹ ਹੋ ਗਿਆ ਹੱਦ ਦਾ। ਤੁਸੀਂ ਗਿਆਨ ਵਿੱਚ ਪੜ੍ਹਾਈ ਨਾਲ ਗੋਲਡਨ ਸਪੂਨ ਇਨ ਮਾਊਥ ਪਾਉਂਦੇ ਹੋ। ਇਹ ਹੈ ਬੇਹੱਦ ਦੀ ਗੱਲ। ਭਗਤੀ ਵਿਚ ਪੜ੍ਹਾਈ ਨਾਲ ਰਾਜਾਈ ਮਿਲਦੀ ਹੈ। ਇੱਥੇ ਜੋ ਜਿੰਨਾ ਚੰਗੀ ਰੀਤੀ ਪੜ੍ਹਦੇ ਹਨ, ਉੰਨਾ ਉੱਚ ਪਦ ਪਾਉਂਦੇ ਹਨ।

ਓਮ ਸ਼ਾਂਤੀ - ਮਿੱਠੇ - ਮਿੱਠੇ ਸਿਕਿਲਧੇ ਬੱਚਿਆਂ ਨੂੰ ਰੂਹਾਨੀ ਬਾਪ ਬੈਠ ਸਮਝਾਉਂਦੇ ਹਨ, ਇਸ ਨੂੰ ਕਿਹਾ ਜਾਂਦਾ ਹੈ ਰੂਹਾਨੀ ਗਿਆਨ। ਬਾਪ ਆਕੇ ਭਾਰਤਵਾਸੀ ਬੱਚਿਆਂ ਨੂੰ ਸਮਝਾਉਂਦੇ ਹਨ, ਆਪਣੇ ਨੂੰ ਆਤਮਾ ਸਮਝੋ ਅਤੇ ਬਾਪ ਨੂੰ ਯਾਦ ਕਰੋ, ਇਹ ਬਾਪ ਨੇ ਖਾਸ ਫਰਮਾਨ ਕੀਤਾ ਹੈ ਤਾਂ ਉਹ ਮੰਨਣਾ ਚਾਹੀਦਾ ਹੈ ਨਾ। ਉੱਚ ਤੇ ਉੱਚ ਬਾਪ ਦੀ ਸ਼੍ਰੀਮਤ ਮਸ਼ਹੂਰ ਹੈ। ਇਹ ਵੀ ਤੁਸੀਂ ਬੱਚਿਆਂ ਨੂੰ ਗਿਆਨ ਹੈ ਕਿ ਸਿਰਫ ਸ਼ਿਵਬਾਬਾ ਨੂੰ ਹੀ ਸ਼੍ਰੀ ਸ਼੍ਰੀ ਕਹਿ ਸਕਦੇ ਹਨ। ਉਹ ਸ਼੍ਰੀ ਸ਼੍ਰੀ ਬਣਾਉਂਦੇ ਹਨ, ਸ਼੍ਰੀ ਮਤਲਬ ਸ਼੍ਰੇਸ਼ਠ। ਤੁਸੀਂ ਬੱਚਿਆਂ ਨੂੰ ਹੁਣ ਪਤਾ ਪਿਆ ਹੈ ਕਿ ਇਨ੍ਹਾਂ ਨੂੰ ਬਾਪ ਨੇ ਇਵੇਂ ਦੇ ਬਣਾਇਆ ਹੈ। ਅਸੀਂ ਹੁਣ ਨਵੀਂ ਦੁਨੀਆਂ ਦੇ ਲਈ ਪੜ੍ਹ ਰਹੇ ਹਾਂ। ਨਵੀਂ ਦੁਨੀਆਂ ਦਾ ਨਾਮ ਹੀ ਹੈ ਸ੍ਵਰਗ, ਅਮਰਪੁਰੀ। ਮਹਿਮਾ ਦੇ ਲਈ ਨਾਮ ਬਹੁਤ ਹੈ। ਕਹਿੰਦੇ ਵੀ ਹਨ ਸ੍ਵਰਗ ਅਤੇ ਨਰਕ I ਫਲਾਣਾ ਸ੍ਵਰਗਵਾਸੀ ਹੋਇਆ ਤਾਂ ਨਰਕਵਾਸੀ ਸੀ ਨਾ। ਪਰ ਮਨੁੱਖਾਂ ਵਿੱਚ ਇੰਨੀ ਸਮਝ, ਨਹੀਂ ਸ੍ਵਰਗ - ਨਰਕ, ਨਵੀਂ ਦੁਨੀਆਂ ਕਿਸ ਨੂੰ ਕਿਹਾ ਜਾਂਦਾ ਹੈ, ਕੁਝ ਵੀ ਜਾਣਦੇ ਨਹੀਂ। ਬਾਹਰ ਦਾ ਭਭਕਾ ਕਿੰਨਾ ਹੈ। ਤੁਸੀਂ ਬੱਚਿਆਂ ਵਿੱਚ ਵੀ ਥੋੜੇ ਹੀ ਹਨ ਜੋ ਸਮਝਦੇ ਹਨ ਬਰੋਬਰ ਸਾਨੂੰ ਬਾਪ ਪੜ੍ਹਾਉਂਦੇ ਹਨ। ਅਸੀਂ ਇਹ ਲਕਸ਼ਮੀ - ਨਾਰਾਇਣ ਬਣਨ ਦੇ ਲਈ ਆਏ ਹਾਂ। ਅਸੀਂ ਬੈਗਰ ਟੂ ਪ੍ਰਿੰਸ ਬਣਾਂਗੇ। ਪਹਿਲੇ - ਪਹਿਲੇ ਅਸੀਂ ਰਾਜਕੁਮਾਰ ਬਣਾਂਗੇ। ਇਹ ਪੜ੍ਹਾਈ ਹੈ, ਜਿਵੇਂ ਇੰਜੀਨਿਅਰ, ਬੈਰਿਸਟਰੀ ਆਦਿ ਪੜ੍ਹਦੇ ਹਨ ਤਾਂ ਬੁੱਧੀ ਵਿੱਚ ਹੈ ਕਿ ਅਸੀਂ ਘਰ ਬਣਾਵਾਂਗੇ ਫਿਰ ਇਹ ਕਰਾਂਗੇ... ਹਰ ਇੱਕ ਨੂੰ ਆਪਣਾ ਕਰੂਵਜ ਸਮ੍ਰਿਤੀ ਵਿੱਚ ਆਉਂਦਾ ਹੈ। ਤੁਸੀਂ ਬੱਚਿਆਂ ਨੂੰ ਜਾਕੇ ਬੜੇ ਉੱਚ ਘਰ ਵਿੱਚ ਜਨਮ ਲੈਣਾ ਹੈ ਇਸ ਪੜ੍ਹਾਈ ਨਾਲ। ਜੋ ਜਿੰਨਾ ਜਾਸਤੀ ਪੜ੍ਹੇਗਾ ਉੰਨਾ ਬਹੁਤ ਉੱਚ ਘਰ ਵਿੱਚ ਜਨਮ ਲਵੇਗਾ। ਰਾਜਾ ਦੇ ਘਰ ਵਿੱਚ ਜਨਮ ਲੈ ਫਿਰ ਰਾਜਾਈ ਚਲਾਉਣੀ ਹੈ। ਗਾਇਆ ਵੀ ਜਾਂਦਾ ਹੈ ਗੋਲਡਨ ਸਪੂਨ ਇਨ ਮਾਊਥ। ਇੱਕ ਤਾਂ ਗਿਆਨ ਦਵਾਰਾ ਇਹ ਗੋਲਡਨ ਸਪੂਨ ਇਨ ਮਾਊਥ ਮਿਲ ਸਕਦਾ ਹੈ। ਦੂਜਾ, ਜੇ ਦਾਨ - ਪੁੰਨ ਚੰਗੀ ਤਰ੍ਹਾਂ ਕਰੋ ਤਾਂ ਵੀ ਰਾਜਾ ਦੇ ਕੋਲ ਜਨਮ ਮਿਲੇਗਾ। ਉਹ ਹੋ ਗਿਆ ਹੱਦ ਦਾ। ਇਹ ਹੈ ਬੇਹੱਦ ਦਾ। ਹਰ ਇੱਕ ਗੱਲ ਚੰਗੀ ਤਰ੍ਹਾਂ ਸਮਝੋ। ਕੁਝ ਵੀ ਸਮਝ ਵਿੱਚ ਨਾ ਆਵੇ ਤਾਂ ਪੁੱਛ ਸਕਦੇ ਹੋ। ਨੋਟ ਕਰੋ ਇਹ - ਇਹ ਗੱਲਾਂ ਬਾਬਾ ਤੋਂ ਪੁੱਛਣੀ ਹੈ। ਮੁੱਖ ਹੈ ਹੀ ਬਾਪ ਦੀ ਯਾਦ ਦੀ ਗੱਲ। ਬਾਕੀ ਕੋਈ ਸੰਨਸ਼ੇ ਆਦਿ ਹੈ ਤਾਂ ਉਨ੍ਹਾਂ ਨੂੰ ਠੀਕ ਕਰ ਦੇਣਗੇ। ਇਹ ਵੀ ਬੱਚੇ ਜਾਣਦੇ ਹਨ ਜਿੰਨਾ ਭਗਤੀ ਮਾਰਗ ਵਿੱਚ ਦਾਨ - ਪੁੰਨ ਕਰਦੇ ਹਨ ਤਾਂ ਸਾਹੂਕਾਰ ਦੇ ਕੋਲ ਜਨਮ ਲੈਂਦੇ ਹਨ। ਜੋ ਕੋਈ ਬੁਰਾ ਕਰਮ ਕਰਦੇ ਹਨ ਤਾਂ ਫਿਰ ਇਵੇਂ ਜਨਮ ਮਿਲਦਾ ਹੈ, ਬਾਬਾ ਦੇ ਕੋਲ ਆਉਂਦੇ ਹਨ। ਕੋਈ - ਕੋਈ ਨੂੰ ਤਾਂ ਅਜਿਹੇ ਕਰਮਬੰਧਨ ਹਨ ਜੋ ਗੱਲ ਨਾ ਪੁੱਛੋ। ਇਹ ਸਭ ਹੈ ਪਾਸਟ ਦਾ ਕਰਮਬੰਧਨ। ਰਾਜੇ ਵੀ ਕੋਈ - ਕੋਈ ਇਵੇਂ ਹੁੰਦੇ ਹਨ, ਬੜਾ ਕਰਮਬੰਧਨ ਕੜਾ ਹੁੰਦਾ ਹੈ। ਇਨ੍ਹਾਂ ਲਕਸ਼ਮੀ - ਨਾਰਾਇਣ ਨੂੰ ਤਾਂ ਕੋਈ ਬੰਧਨ ਨਹੀਂ। ਉੱਥੇ ਹੈ ਹੀ ਯੋਗਬਲ ਦੀ ਰਚਨਾ। ਜਦ ਕਿ ਯੋਗਬਲ ਤੋਂ ਅਸੀਂ ਵਿਸ਼ਵ ਦੀ ਰਾਜਾਈ ਲੈ ਸਕਦੇ ਹਾਂ ਤਾਂ ਕੀ ਬੱਚਾ ਪੈਦਾ ਨਹੀਂ ਹੋ ਸਕਦਾ! ਪਹਿਲੇ ਤੋਂ ਹੀ ਸਾਕਸ਼ਾਤਕਾਰ ਹੋ ਜਾਂਦਾ ਹੈ। ਉੱਥੇ ਤਾਂ ਇਹ ਕਾਮਨ ਗੱਲ ਹੈ। ਖੁਸ਼ੀ ਵਿੱਚ ਵਾਜੇ ਵੱਜਦੇ ਰਹਿੰਦੇ ਹਨ। ਬੁੱਢੇ ਤੋਂ ਬੱਚਾ ਬਣ ਜਾਂਦੇ ਹਨ। ਮਹਾਤਮਾ ਤੋਂ ਵੀ ਬੱਚੇ ਨੂੰ ਜਾਸਤੀ ਮਾਨ ਦਿੱਤਾ ਜਾਂਦਾ ਹੈ ਕਿਓਂਕਿ ਉਹ ਮਹਾਤਮਾ ਤਾਂ ਫਿਰ ਵੀ ਸਾਰੀ ਲਾਈਫ ਬਿਤਾ ਕਰਕੇ ਵੱਡਾ ਹੋਇਆ ਹੈ। ਵਿਕਾਰਾਂ ਨੂੰ ਜਾਣਦੇ ਹਨ। ਛੋਟੇ ਬੱਚੇ ਨਹੀਂ ਜਾਣਦੇ ਇਸਲਈ ਮਹਾਤਮਾ ਤੋਂ ਵੀ ਉੱਚ ਕਿਹਾ ਜਾਂਦਾ ਹੈ। ਉੱਥੇ ਤਾਂ ਸਭ ਮਹਾਤਮਾ ਹਨ। ਕ੍ਰਿਸ਼ਨ ਨੂੰ ਵੀ ਮਹਾਤਮਾ ਕਹਿੰਦੇ ਹਨ। ਉਹ ਹੈ ਸੱਚਾ ਮਹਾਤਮਾ। ਸਤਯੁਗ ਵਿੱਚ ਹੀ ਮਹਾਨ ਆਤਮਾਵਾਂ ਹੁੰਦੀਆਂ ਹਨ। ਉਨ੍ਹਾਂ ਵਰਗਾ ਇੱਥੇ ਕੋਈ ਹੋ ਨਾ ਸਕੇ।

ਤੁਸੀਂ ਬੱਚਿਆਂ ਨੂੰ ਅੰਦਰ ਵਿੱਚ ਬਹੁਤ ਖੁਸ਼ੀ ਹੋਣੀ ਚਾਹੀਦੀ ਹੈ। ਹੁਣ ਅਸੀਂ ਨਵੀਂ ਦੁਨੀਆਂ ਵਿੱਚ ਜਨਮ ਲਵਾਂਗੇ। ਇਹ ਪੁਰਾਣੀ ਦੁਨੀਆਂ ਖਤਮ ਹੋਣੀ ਹੈ। ਘਰ ਪੁਰਾਣ ਹੁੰਦਾ ਹੈ ਤਾਂ ਨਵੇਂ ਘਰ ਦੀ ਖੁਸ਼ੀ ਹੁੰਦੀ ਹੈ ਨਾ। ਕਿੰਨੇ ਚੰਗੇ - ਚੰਗੇ ਮਾਰਬਲ ਆਦਿ ਦੇ ਘਰ ਬਣਾਉਂਦੇ ਹਨ। ਜੈਨੀ ਲੋਕਾਂ ਦੇ ਕੋਲ ਪੈਸੇ ਬਹੁਤ ਹੁੰਦੇ ਹਨ, ਉਹ ਆਪਣੇ ਨੂੰ ਉੱਚ ਕੁਲ ਦੇ ਸਮਝਦੇ ਹਨ। ਵਾਸਤਵ ਵਿੱਚ ਇੱਥੇ ਕੋਈ ਉੱਚ ਕੁਲ ਤਾਂ ਹੈ ਨਹੀਂ। ਉੱਚ ਕੁਲ ਵਿੱਚ ਵਿਆਹ ਦੇ ਲਈ ਘਰ ਲੱਭਦੇ ਹਨ। ਉੱਥੇ ਕੁਲ ਆਦਿ ਦੀ ਗੱਲ ਨਹੀਂ ਹੁੰਦੀ। ਉੱਥੇ ਤਾਂ ਇੱਕ ਹੀ ਦੇਵਤਾ ਦਾ ਕੁਲ ਹੁੰਦਾ ਹੈ, ਦੂਜਾ ਨਾ ਕੋਈ। ਇਸ ਦੇ ਲਈ ਤੁਸੀਂ ਸੰਗਮ ਤੇ ਅਭਿਆਸ ਕਰਦੇ ਹੋ ਕਿ ਅਸੀਂ ਇੱਕ ਬਾਪ ਦੇ ਬੱਚੇ ਸਭ ਆਤਮਾ ਹਾਂ। ਆਤਮਾ ਹੈ ਫ਼ਸਟ, ਪਿੱਛੇ ਹੈ ਸ਼ਰੀਰ। ਦੁਨੀਆ ਵਿਚ ਸਭ ਦੇਹ - ਅਭਿਮਾਨੀ ਰਹਿੰਦੇ ਹਨ। ਤੁਹਾਨੂੰ ਹੁਣ ਦੇਹੀ - ਅਭਿਮਾਨੀ ਬਣਨਾ ਹੈ। ਗ੍ਰਹਿਸਥ ਵਿਵਹਾਰ ਵਿੱਚ ਰਹਿੰਦੇ ਆਪਣੀ ਅਵਸਥਾ ਨੂੰ ਜਮਾਉਣਾ ਹੈ। ਬਾਬਾ ਦੇ ਕਿੰਨੇ ਬੱਚੇ ਹਨ, ਕਿੰਨਾ ਵੱਡਾ ਗ੍ਰਹਿਸਥ ਹੈ, ਕਿੰਨੇ

ਖਿਆਲਤ ਰਹਿੰਦੇ ਹੋਣਗੇ। ਇਨ੍ਹਾਂ ਨੂੰ ਵੀ ਮਿਹਨਤ ਕਰਨੀ ਪੈਂਦੀ ਹੈ। ਮੈ ਕੋਈ ਸੰਨਿਆਸੀ ਨਹੀਂ ਹਾਂ। ਬਾਪ ਨੇ ਇਨ੍ਹਾਂ ਵਿੱਚ ਪ੍ਰਵੇਸ਼ ਕੀਤਾ ਹੈ। ਬ੍ਰਹਮਾ - ਵਿਸ਼ਨੂੰ - ਸ਼ੰਕਰ ਦਾ ਚਿੱਤਰ ਵੀ ਹੈ ਨਾ। ਬ੍ਰਹਮਾ ਹੈ ਸਭ ਤੋਂ ਉੱਚ। ਤਾਂ ਉਨ੍ਹਾਂ ਨੂੰ ਛੱਡ ਬਾਪ ਕਿਸ ਵਿੱਚ ਆਉਣਗੇ। ਬ੍ਰਹਮਾ ਕੋਈ ਨਵਾਂ ਪੈਦਾ ਨਹੀਂ ਹੁੰਦਾ। ਵੇਖਦੇ ਹੋ ਨਾ - ਇਨ੍ਹਾਂ ਨੂੰ ਕਿਵੇਂ ਅਡੋਪਟ ਕਰਦਾ ਹਾਂ। ਤੁਸੀਂ ਕਿਵੇਂ ਬ੍ਰਾਹਮਣ ਬਣਦੇ ਹੋ। ਇਨ੍ਹਾਂ ਗੱਲਾਂ ਨੂੰ ਤੁਸੀਂ ਹੀ ਜਾਣੋ ਹੋਰ ਕੀ ਜਾਨਣ। ਕਹਿੰਦੇ ਹਨ ਇਹ ਤਾਂ ਜਵਾਹਰੀ ਸੀ, ਇਨ੍ਹਾਂ ਨੂੰ ਤੁਸੀਂ ਬ੍ਰਹਮਾ ਕਹਿੰਦੇ ਹੋ! ਉਨ੍ਹਾਂ ਨੂੰ ਕੀ ਪਤਾ ਇੰਨੇ ਬ੍ਰਾਹਮਣ - ਬ੍ਰਹਮਣੀਆਂ ਕਿਵੇਂ ਪੈਦਾ ਹੋਣਗੇ। ਇੱਕ - ਇੱਕ ਗੱਲ ਵਿੱਚ ਕਿੰਨਾ ਸਮਝਾਉਣਾ ਪੈਂਦਾ ਹੈ। ਇਹ ਬਹੁਤ ਗੂੜ੍ਹੀਆਂ ਗੱਲਾਂ ਹੈ ਨਾ। ਇਹ ਬ੍ਰਹਮਾ ਵਿਅਕਤ, ਉਹ ਅਵਿਅਕਤ। ਇਹ ਪਵਿੱਤਰ ਬਣ ਫਿਰ ਅਵਿਅਕਤ ਹੋ ਜਾਂਦੇ ਹਨ। ਇਹ ਕਹਿੰਦੇ ਹਨ - ਮੈ ਇਸ ਸਮੇਂ ਪਵਿੱਤਰ ਨਹੀਂ ਹਾਂ। ਅਜਿਹਾ ਪਵਿੱਤਰ ਬਣ ਰਿਹਾ ਹਾਂ। ਪ੍ਰਜਾਪਿਤਾ ਤਾਂ ਇੱਥੇ ਹੋਣਾ ਚਾਹੀਦਾ ਹੈ ਨਾ। ਨਹੀਂ ਤਾਂ ਕਿੱਥੇ ਤੋਂ ਆਏ। ਬਾਪ ਆਪ ਸਮਝਾਉਂਦੇ ਹਨ ਮੈ ਪਤਿਤ ਸ਼ਰੀਰ ਵਿੱਚ ਆਉਂਦਾ ਹਾਂ, ਜਰੂਰ ਇਸ ਨੂੰ ਹੀ ਪ੍ਰਜਾਪਿਤਾ ਕਹਾਂਗੇ। ਸੁਖ਼ਸ਼ਮਵਤਨ ਵਿੱਚ ਕਹਾਂਗੇ। ਉੱਥੇ ਪ੍ਰਜਾ ਕੀ ਕਰੇਗੀ। ਇਹ ਇੰਡੀਪੈਂਡੈਂਟ ਪਵਿੱਤਰ ਬਣ ਜਾਂਦੇ ਹਨ। ਜਿਵੇਂ ਇਹ ਵੀ ਪੁਰਸ਼ਾਰਥ ਕਰਦੇ ਹਨ ਉਵੇਂ ਤੁਸੀਂ ਪੁਰਸ਼ਾਰਥ ਕਰ ਇੰਡੀਪੈਂਡੈਂਟ ਪਵਿੱਤਰ ਬਣ ਜਾਂਦੇ ਹੋ। ਵਿਸ਼ਵ ਦੇ ਮਾਲਿਕ ਬਣਦੇ ਹੋ ਨਾ। ਸ੍ਵਰਗ ਵੱਖ ਨਰਕ ਵੱਖ ਹੈ। ਹੁਣ ਤਾਂ ਕਿੰਨਾ ਟੁਕੜਾ - ਟੁੱਕੜਾ ਹੋ ਗਿਆ ਹੈ। 5 ਹਜ਼ਾਰ ਵਰ੍ਹੇ ਪਹਿਲੇ ਦੀ ਗੱਲ ਹੈ ਜੱਦ ਕਿ ਇਨ੍ਹਾਂ ਦਾ ਰਾਜ ਸੀ। ਉਹ ਲੋਕ ਫਿਰ ਲੱਖਾਂ ਵਰ੍ਹੇ ਕਹਿ ਦਿੰਦੇ ਹਨ। ਇਹ ਗੱਲਾਂ ਸਮਝਣਗੇ ਵੀ ਉਹ ਹੀ ਜਿਨ੍ਹਾਂ ਨੂੰ ਕਲਪ ਪਹਿਲੇ ਸਮਝਾਇਆ ਹੋਵੇਗਾ। ਤੁਸੀਂ ਵੇਖਦੇ ਹੋ ਇੱਥੇ ਮੁਸਲਮਾਨ, ਪਾਰਸੀ ਆਦਿ ਸਭ ਆਉਂਦੇ ਹਨ। ਆਪ ਮੁਸਲਮਾਨ ਫਿਰ ਹਿੰਦੂਆਂ ਨੂੰ ਨਾਲੇਜ ਦੇ ਰਹੇ ਹਨ। ਵੰਡਰ ਹੈ ਨਾ। ਸਮਝੋ ਕੋਈ ਸਿੱਖ ਧਰਮ ਦੇ ਹਨ, ਉਹ ਵੀ ਬੈਠ ਰਾਜਯੋਗ ਸਿਖਾਉਂਦੇ ਹਨ। ਜੋ ਕਨਵਰਟ ਹੋਏ ਹਨ ਉਹ ਫਿਰ ਟਰਾਂਸਫਰ ਹੋ ਦੇਵਤਾ ਕੁਲ ਵਿੱਚ ਆ ਜਾਣਗੇ। ਸੈਪਲਿੰਗ ਲੱਗਦਾ ਹੈ। ਤੁਹਾਡੇ ਕੋਲ ਕ੍ਰਿਸ਼ਚਨ, ਪਾਰਸੀ ਵੀ ਆਉਂਦੇ ਹਨ, ਬੋਧੀ ਵੀ ਆਉਣਗੇ। ਤੁਸੀਂ ਬੱਚੇ ਜਾਣਦੇ ਹੋ ਜੱਦ ਸਮੇਂ ਨਜ਼ਦੀਕ ਆਏਗਾ ਤੱਦ ਚਾਰੋਂ ਪਾਸੇ ਤੋਂ ਸਾਡਾ ਨਾਮ ਨਿਕਲੇਗਾ। ਇੱਕ ਹੀ ਭਾਸ਼ਣ ਤੁਸੀਂ ਕਰੋਗੇ ਤਾਂ ਢੇਰ ਤੁਹਾਡੇ ਕੋਲ ਆ ਜਾਣਗੇ। ਸਭ ਨੂੰ ਸਮ੍ਰਿਤੀ ਆ ਜਾਵੇਗੀ ਸਾਡਾ ਸੱਚਾ ਧਰਮ ਇਹ ਹੈ। ਜੋ ਸਾਡੇ ਧਰਮ ਦੇ ਹੋਣਗੇ ਉਹ ਸਭ ਆਉਣਗੇ ਤਾਂ ਸਹੀ ਨਾ। ਲੱਖਾਂ ਵਰ੍ਹੇ ਦੀ ਗੱਲ ਨਹੀਂ ਹੈ। ਬਾਪ ਬੈਠ ਸਮਝਾਉਂਦੇ ਹਨ ਤੁਸੀਂ ਦੇਵਤਾ ਸੀ, ਹੁਣ ਫਿਰ ਦੇਵਤਾ ਬਣਨ ਦੇ ਲਈ ਬਾਪ ਤੋਂ ਵਰਸਾ ਲੈ ਰਹੇ ਹੋ।

ਤੁਸੀਂ ਸੱਚੇ - ਸਚੇ ਪਾਂਡਵ ਹੋ, ਪਾਂਡਵ ਅਰਥਾਤ ਪੰਡੇ। ਉਹ ਹਨ ਜਿਸਮਾਨੀ ਪੰਡੇ। ਤੁਸੀਂ ਬ੍ਰਾਹਮਣ ਹੋ ਰੂਹਾਨੀ ਪੰਡੇ। ਤੁਸੀਂ ਹੁਣ ਬੇਹੱਦ ਦੇ ਬਾਪ ਤੋਂ ਪੜ੍ਹ ਰਹੇ ਹੋ। ਇਹ ਨਸ਼ਾ ਤੁਹਾਨੂੰ ਬਹੁਤ ਹੋਣਾ ਚਾਹੀਦਾ ਹੈ। ਅਸੀਂ ਬਾਪ ਦੇ ਕੋਲ ਜਾਂਦੇ ਹਾਂ, ਜਿਨ੍ਹਾਂ ਤੋਂ ਬੇਹੱਦ ਦਾ ਵਰਸਾ ਮਿਲਦਾ ਹੈ। ਉਹ ਸਾਡਾ ਬਾਪ ਟੀਚਰ ਵੀ ਹੈ, ਇਸ ਵਿੱਚ ਪੜ੍ਹਨ ਦੇ ਲਈ ਕੋਈ ਟੇਬਲ ਕੁਰਸੀ ਆਦਿ ਦੀ ਦਰਕਾਰ ਨਹੀਂ। ਇਹ ਤੁਸੀਂ ਲਿਖਦੇ ਹੋ ਸੋ ਵੀ ਆਪਣੇ ਪੁਰਸ਼ਾਰਥ ਦੇ ਲਈ। ਵਾਸਤਵ ਵਿੱਚ ਇਹ ਸਮਝਣ ਦੀ ਗੱਲ ਹੈ। ਸ਼ਿਵਬਾਬਾ ਤੁਹਾਨੂੰ ਪੱਤਰ ਲਿਖਣ ਦੇ ਲਈ ਇਹ ਪੈਨਸਿਲ ਆਦਿ ਉਠਾਉਂਦੇ ਹਨ, ਬੱਚੇ ਸਮਝਣਗੇ ਸ਼ਿਵਬਾਬਾ ਦੇ ਲਾਲ ਅੱਖਰ ਆਏ ਹਨ। ਬਾਪ ਲਿਖਦੇ ਹਨ ਰੂਹਾਨੀ ਬੱਚੇ। ਬੱਚੇ ਵੀ ਸਮਝਦੇ ਹਨ ਰੂਹਾਨੀ ਬਾਬਾ। ਉਹ ਬਹੁਤ ਉੱਚ ਤੇ ਉੱਚ ਹਨ, ਉਨ੍ਹਾਂ ਦੀ ਮਤ ਤੇ ਚੱਲਣਾ ਹੈ। ਬਾਪ ਕਹਿੰਦੇ ਹਨ ਕਾਮ ਮਹਾਸ਼ਤ੍ਰੂ ਹੈ। ਇਹ ਆਦਿ - ਮੱਧ - ਅੰਤ ਦੁੱਖ ਦੇਣ ਵਾਲਾ ਹੈ। ਉਸ ਭੂਤ ਦੇ ਵਸ਼ ਮਤ ਹੋ। ਪਵਿੱਤਰ ਬਣੋ। ਬੁਲਾਉਂਦੇ ਵੀ ਹਨ ਹੇ ਪਤਿਤ - ਪਾਵਨ। ਤੁਸੀਂ ਬੱਚਿਆਂ ਨੂੰ ਹੁਣ ਬੜੀ ਤਾਕਤ ਮਿਲਦੀ ਹੈ, ਰਾਜ ਕਰਨ ਦੀ। ਜੋ ਕੋਈ ਜਿੱਤ ਪਾ ਨਾ ਸਕੇ। ਤੁਸੀਂ ਕਿੰਨੇ ਸੁਖੀ ਬਣਦੇ ਹੋ। ਤਾਂ ਇਸ ਪੜ੍ਹਾਈ ਤੇ ਕਿੰਨਾ ਅਟੈਂਸ਼ਨ ਦੇਣਾ ਚਾਹੀਦਾ ਹੈ। ਸਾਨੂੰ ਬਾਦਸ਼ਾਹੀ ਮਿਲਦੀ ਹੈ। ਤੁਸੀਂ ਜਾਣਦੇ ਹੋ ਅਸੀਂ ਕੀ ਤੋਂ ਕੀ ਬਣ ਰਹੇ ਹਾਂ। ਭਗਵਾਨੁਵਾਚ ਹੈ ਨਾ। ਮੈ ਤੁਹਾਨੂੰ ਰਾਜਯੋਗ ਸਿਖਾਉਂਦਾ ਹਾਂ, ਰਾਜਾਵਾਂ ਦਾ ਰਾਜਾ ਬਣਾਉਂਦਾ ਹਾਂ। ਰੱਬ ਕਿਸ ਨੂੰ ਕਿਹਾ ਜਾਂਦਾ ਹੈ, ਇਹ ਵੀ ਕਿਸ ਨੂੰ ਪਤਾ ਨਹੀਂ ਹੈ। ਆਤਮਾ ਪੁਕਾਰਦੀ ਹੈ - ਓ ਬਾਬਾ! ਤਾਂ ਪਤਾ ਹੋਣਾ ਚਾਹੀਦਾ ਹੈ ਨਾ - ਉਹ ਕਦੋਂ ਅਤੇ ਕਿਵੇਂ ਆਉਣਗੇ? ਮਨੁੱਖ ਹੀ ਤੇ ਡਰਾਮੇ ਦੇ ਆਦਿ - ਮੱਧ - ਅੰਤ ਡਿਊਰੇਸ਼ਨ ਆਦਿ ਨੂੰ ਜਾਨਣਗੇ ਨਾ। ਜਾਨਣ ਨਾਲ ਤੁਸੀਂ ਦੇਵਤਾ ਬਣ ਜਾਂਦੇ ਹੋ। ਗਿਆਨ ਹੈ ਹੀ ਸਦਗਤੀ ਦੇ ਲਈ। ਇਸ ਵਕ਼ਤ ਹੈ ਕਲਯੁਗ ਦਾ ਅੰਤ। ਸਭ ਦੁਰਗਤੀ ਵਿੱਚ ਹਨ। ਸਤਿਯੁਗ ਵਿੱਚ ਹੁੰਦੀ ਹੈ ਸਦਗਤੀ। ਹੁਣ ਤੁਸੀਂ ਜਾਣਦੇ ਹੋ ਬਾਬਾ ਆਇਆ ਹੋਇਆ ਹੈ - ਸਭ ਦੀ ਸਦਗਤੀ ਕਰਨ। ਸਭਨੂੰ ਜਗਾਉਣ ਆਏ ਹਨ। ਕੋਈ ਕਬਰ ਥੋੜ੍ਹੀ ਹੀ ਹੈ। ਪ੍ਰੰਤੂ ਘੋਰ ਹਨ੍ਹੇਰੇ ਵਿੱਚ ਪਏ ਹਨ, ਉਨ੍ਹਾਂਨੂੰ ਜਗਾਉਣ ਆਉਂਦੇ ਹਨ। ਜੋ ਬੱਚੇ ਘੋਰ ਨੀਂਦ ਤੋਂ ਜਾਗ ਜਾਂਦੇ ਹਨ ਉਨ੍ਹਾਂ ਦੇ ਅੰਦਰ ਖੁਸ਼ੀ ਬਹੁਤ ਹੁੰਦੀ ਹੈ, ਅਸੀਂ ਸ਼ਿਵਬਾਬਾ ਦੇ ਬੱਚੇ ਹਾਂ, ਕਿਸੇ ਕਿਸਮ ਦਾ ਫਿਕਰ ਨਹੀਂ ਹੈ। ਬਾਪ ਸਾਨੂੰ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ। ਰੋਣ ਦਾ ਨਾਮ ਨਹੀਂ। ਇਹ ਹੈ ਰੋਣ ਦੀ ਦੁਨੀਆਂ। ਉਹ ਹੈ ਖੁਸ਼ ਰਹਿਣ ਦੀ ਦੁਨੀਆਂ। ਉਨ੍ਹਾਂ ਦੇ ਚਿੱਤਰ ਵੇਖੋ ਕਿਵੇਂ ਸ਼ੋਭਨੀਕ ਹੰਸਮੁੱਖ ਬਨਾਉਂਦੇ ਹਨ। ਇਹ ਫ਼ੀਚਰਜ਼ ਤਾਂ ਇੱਥੇ ਨਿਕਾਲ ਨਾ ਸਕਣ। ਬੁੱਧੀ ਨਾਲ ਸਮਝਦੇ ਹਨ ਇਨ੍ਹਾਂ ਵਰਗੇ ਫ਼ੀਚਰਜ਼ ਵੇਖਣ ਵਿੱਚ ਆਉਂਦੇ ਹਨ। ਤੁਹਾਨੂੰ ਮਿੱਠੇ - ਮਿੱਠੇ ਬੱਚਿਆਂ ਨੂੰ ਹੁਣੇ ਯਾਦ ਆਈ ਹੈ ਕਿ ਭਵਿੱਖ ਵਿੱਚ ਅਮਰਪੁਰੀ ਦੇ ਅਸੀਂ ਪ੍ਰਿੰਸ ਬਣਾਂਗੇ। ਇਸ ਮ੍ਰਿਤੁਲੋਕ ਨੂੰ, ਇਸ ਭੰਭੋਰ ਨੂੰ ਅੱਗ ਲਗਣੀ ਹੈ। ਸਿਵਲ ਵਾਰ ਵਿੱਚ ਵੀ ਇੱਕ - ਦੂਜੇ ਨੂੰ ਮਾਰਦੇ ਕਿਵੇਂ ਹਨ, ਕਿਸੇ ਨੂੰ ਅਸੀਂ ਮਾਰਦੇ ਹਨ ਉਹ ਵੀ ਪਤਾ ਨਹੀਂ ਚਲਦਾ ਹੈ। ਹਾਹਾਕਾਰ ਦੇ ਬਾਦ ਜੈ - ਜੈਕਾਰ ਹੋਣੀ ਹੈ। ਤੁਹਾਡੀ ਜਿੱਤ, ਬਾਕੀ ਸਭ ਵਿਨਾਸ਼ ਹੋ ਜਾਣਗੇ। ਰੁਦ੍ਰ ਦੀ ਮਾਲਾ ਵਿੱਚ ਪਿਰੋਕੇ ਫਿਰ ਵਿਸ਼ਨੂੰ ਦੀ ਮਾਲਾ ਵਿੱਚ ਪਿਰੋਏ ਜਾਣਗੇ। ਹੁਣ ਤੁਸੀਂ ਪੁਰਸ਼ਾਰਥ ਕਰਦੇ ਹੋ ਆਪਣੇ ਘਰ ਜਾਣ ਦੇ ਲਈ। ਭਗਤੀ ਦਾ ਕਿੰਨਾ ਫੈਲਾਵ ਹੈ। ਜਿਵੇਂ ਝਾੜ ਦੇ ਕਈ ਪੱਤੇ ਹੁੰਦੇ ਹਨ ਉਵੇਂ ਹੀ ਭਗਤੀ ਦਾ ਫੈਲਾਵ ਹੈ। ਬੀਜ ਦਾ ਹੈ ਗਿਆਨ। ਬੀਜ਼ ਕਿੰਨਾ ਛੋਟਾ ਹੈ। ਬੀਜ਼ ਹੈ ਬਾਬਾ, ਇਸ ਝਾੜ ਦੀ ਸਥਾਪਨਾ, ਪਾਲਣਾ ਅਤੇ ਵਿਨਾਸ਼ ਕਿਵੇਂ ਹੁੰਦਾ ਹੈ, ਇਹ ਤੁਸੀ ਜਾਣਦੇ ਹੋ। ਇਹ ਵਰੇਇਟੀ ਧਰਮਾਂ ਦਾ ਉਲਟਾ ਝਾੜ ਹੈ। ਦੁਨੀਆਂ ਵਿੱਚ ਇੱਕ ਵੀ ਨਹੀਂ ਜਾਣਦੇ। ਹੁਣ ਬੱਚਿਆਂ ਨੂੰ ਬਹੁਤ ਮਿਹਨਤ ਕਰਨੀ ਹੈ ਬਾਪ ਨੂੰ ਯਾਦ ਕਰਨ ਦੀ, ਤਾਂ ਵਿਕਰਮ ਵਿਨਾਸ਼ ਹੋਣ। ਉਹ ਗੀਤਾ ਸੁਣਾਉਣ ਵਾਲੇ ਵੀ ਕਹਿੰਦੇ ਹਨ ਮਨਮਨਾਭਵ। ਸਭ ਦੇਹ ਦੇ ਧਰਮ ਛੱਡ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ

ਕਰੋ। ਮਨੁੱਖ ਇਸਦਾ ਅਰਥ ਥੋੜ੍ਹੇ ਹੀ ਸਮਝਦੇ ਹਨ । ਉਹ ਹੈ ਹੀ ਭਗਤੀ ਮਾਰਗ। ਇਹ ਹੈ ਗਿਆਨ ਮਾਰਗ। ਇਹ ਰਾਜਧਾਨੀ ਸਥਾਪਨ ਹੋ ਰਹੀ ਹੈ। ਫਿਕਰ ਦੀ ਕੋਈ ਗੱਲ ਨਹੀਂ। ਜਿਸਨੇ ਥੋੜ੍ਹਾ ਵੀ ਗਿਆਨ ਸੁਣਿਆ ਤਾਂ ਸ੍ਵਰਗ ਵਿਚ ਆ ਜਾਣਗੇ। ਗਿਆਨ ਦਾ ਵਿਨਾਸ਼ ਨਹੀਂ ਹੁੰਦਾ ਹੈ। ਬਾਕੀ ਜੋ ਅਸਲ ਨੂੰ ਜਾਣ ਪੁਰਸ਼ਾਰਥ ਕਰਦੇ ਹਨ ਉਹ ਹੀ ਉੱਚ ਪਦਵੀ ਪਾਉਂਦੇ ਹਨ। ਇਹ ਬੁੱਧੀ ਵਿੱਚ ਸਮਝ ਹੈ ਨਾ। ਅਸੀਂ ਪ੍ਰਿੰਸ ਬਣਨ ਵਾਲੇ ਹਾਂ, ਨਵੀਂ ਦੁਨੀਆਂ ਵਿੱਚ। ਸਟੂਡੈਂਟ ਇਮਤਿਹਾਨ ਪਾਸ ਕਰਦੇ ਹਨ ਤਾਂ ਉਨ੍ਹਾਂ ਨੂੰ ਕਿੰਨੀ ਖੁਸ਼ੀ ਹੁੰਦੀ ਹੈ। ਤੁਹਾਨੂੰ ਤੇ ਹਜ਼ਾਰ ਵਾਰੀ ਜ਼ਿਆਦਾ ਅਤਿੰਦਰੀਏ ਸੁੱਖ ਹੋਣਾ ਚਾਹੀਦਾ ਹੈ। ਅਸੀਂ ਸਾਰੇ ਵਿਸ਼ਵ ਦੇ ਮਾਲਿਕ ਬਣਦੇ ਹਾਂ। ਕਿਸੇ ਵੀ ਗਲ ਵਿੱਚ ਕਦੇ ਰੁਸਨਾ ਨਹੀਂ ਹੈ। ਬ੍ਰਾਹਮਣੀ ਨਾਲ ਨਹੀਂ ਬਣਦੀ ਹੈ, ਬਾਪ ਨਾਲ ਰੁੱਸਦੇ ਹਨ, ਅਰੇ ਤੁਸੀ ਬਾਪ ਨਾਲ ਬੁੱਧੀ ਦਾ ਯੋਗ ਲਗਾਓ ਨਾ। ਉਨ੍ਹਾਂਨੂੰ ਤਾਂ ਪਿਆਰ ਨਾਲ ਯਾਦ ਕਰੋ। ਬਾਬਾ ਬਸ ਤੁਹਾਨੂੰ ਹੀ ਯਾਦ ਕਰਦੇ - ਕਰਦੇ ਅਸੀਂ ਘਰ ਆ ਜਾਵਾਂਗੇ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਕਿਸੇ ਵੀ ਗੱਲ ਦਾ ਫਿਕਰ ਨਹੀਂ ਕਰਨਾ ਹੈ, ਸਦਾ ਖ਼ੁਸ਼ ਰਹਿਣਾ ਹੈ। ਯਾਦ ਰਹੇ ਅਸੀਂ ਸ਼ਿਵਬਾਬਾ ਦੇ ਬੱਚੇ ਹਾਂ, ਬਾਪ ਆਏ ਹਨ ਸਾਨੂੰ ਵਿਸ਼ਵ ਦਾ ਮਾਲਿਕ ਬਣਾਉਣ।

2. ਆਪਣੀ ਅਵੱਸਥਾ ਨੂੰ ਇੱਕ ਰਸ ਬਣਾਉਣ ਦੇ ਲਈ ਦੇਹੀ - ਅਭਿਮਾਨੀ ਬਣਨ ਦਾ ਪੁਰਸ਼ਾਰਥ ਕਰਨਾ ਹੈ। ਇਸ ਪੁਰਾਣੇ ਘਰ ਤੋਂ ਮਮਤਵ ਕੱਢ ਦੇਣਾ ਹੈ।

ਵਰਦਾਨ:- ਮਨਨ ਸ਼ਕਤੀ ਦ੍ਵਾਰਾ ਬੁੱਧੀ ਨੂੰ ਸ਼ਕਤੀਸ਼ਾਲੀ ਬਨਾਉਣ ਵਾਲੇ ਮਾਸਟਰ ਸਰਵਸ਼ਕਤੀਮਾਨ ਭਵ।

ਮਨਨ ਸ਼ਕਤੀ ਹੀ ਬੁੱਧੀ ਦੀ ਖ਼ੁਰਾਕ ਹੈ। ਜਿਵੇਂ ਭਗਤੀ ਵਿੱਚ ਸਿਮਰਨ ਕਰਨ ਦੇ ਅਭਿਆਸੀ ਹਨ, ਇਵੇਂ ਗਿਆਨ ਵਿੱਚ ਸਮ੍ਰਿਤੀ ਦੀ ਸ਼ਕਤੀ ਹੈ। ਇਸ ਸ਼ਕਤੀ ਦ੍ਵਾਰਾ ਮਾਸਟਰ ਸਰਵ ਸ਼ਕਤੀਮਾਨ ਬਣੋ। ਰੋਜ਼ ਅੰਮ੍ਰਿਤਵੇਲੇ ਆਪਣੇ ਇੱਕ ਟਾਈਟਲ ਨੂੰ ਸਮ੍ਰਿਤੀ ਵਿਚ ਲਿਆਓ ਅਤੇ ਮਨਨ ਕਰਦੇ ਰਹੋ ਤਾਂ ਮਨਨ ਸ਼ਕਤੀ ਨਾਲ ਬੁੱਧੀ ਸ਼ਕਤੀਸ਼ਾਲੀ ਰਹੇਗੀ। ਸ਼ਕਤੀਸ਼ਾਲੀ ਬੁੱਧੀ ਦੇ ਉੱਪਰ ਮਾਇਆ ਦਾ ਵਾਰ ਨਹੀਂ ਹੋ ਸਕਦਾ, ਪਰਵਸ਼ ਨਹੀਂ ਹੋ ਸਕਦੇ ਕਿਉਂਕਿ ਮਾਇਆ ਸਭ ਤੋਂ ਪਹਿਲਾਂ ਵਿਅਰਥ ਸੰਕਲਪ ਰੂਪੀ ਬਾਣ ਦ੍ਵਾਰਾ ਦਿਵਿਆ ਬੁੱਧੀ ਨੂੰ ਹੀ ਕਮਜ਼ੋਰ ਬਨਾਉਂਦੀ ਹੈ, ਇਸ ਕਮਜੋਰੀ ਤੋਂ ਬਚਣ ਦਾ ਸਾਧਨ ਹੀ ਹੈ ਮਨਨ ਸ਼ਕਤੀ।

ਸਲੋਗਨ:- ਆਗਿਆਕਾਰੀ ਬੱਚੇ ਹੀ ਦੁਆਵਾਂ ਦੇ ਪਾਤਰ ਹਨ, ਦੁਆਵਾਂ ਦਾ ਪ੍ਰਭਾਵ ਦਿਲ ਨੂੰ ਸਦਾ ਸੰਤੁਸ਼ਟ ਰੱਖਦਾ ਹੈ।

******

ਅਵਿਅਕਤ ਇਸ਼ਾਰੇ:- ਆਤਮਿਕ ਸਥਿਤੀ ਵਿਚ ਰਹਿਣ ਦਾ ਅਭਿਆਸ ਕਰੋ, ਅੰਤਰਮੁੱਖੀ ਬਣੋ।

ਸਦਾ ਬੇਹੱਦ ਦੀ ਆਤਮਿਕ ਦ੍ਰਿਸ਼ਟੀ, ਭਾਈ - ਭਾਈ ਦੇ ਸੰਬੰਧ ਦੀ ਵ੍ਰਿਤੀ ਨਾਲ ਕਿਸੇ ਵੀ ਆਤਮਾ ਦੇ ਪ੍ਰਤੀ ਸ਼ੁਭ ਭਾਵਨਾ ਰੱਖਣ ਦਾ ਫਲ ਜਰੂਰ ਪ੍ਰਾਪਤ ਹੁੰਦਾ ਹੈ ਇਸਲਈ ਪੁਰਸ਼ਾਰਥ ਤੋਂ ਥੱਕੋ ਨਹੀਂ, ਦਿਲਸ਼ਿਕਸਸਤ ਵੀ ਨਹੀਂ ਬਣੋ। ਨਿਸ਼ਚੇ ਬੁੱਧੀ ਹੋ ਮੇਰੇਪਨ ਦੇ ਸੰਬੰਧ ਤੋਂ ਨਿਆਰੇ ਹੋ ਸ਼ਾਂਤੀ ਅਤੇ ਸ਼ਕਤੀ ਦਾ ਸਹਿਯੋਗ ਆਤਮਾਵਾਂ ਨੂੰ ਦਿੰਦੇ ਰਹੋ।